ਰੁਟੀਨ ਸਕੂਲ ਇਮਿਊਨਾਈਜ਼ੇਸ਼ਨਸ

Peel Region



ਪੀਲ ਜਨਤਕ ਸਿਹਤ (Peel Public Health) ਗ੍ਰੇਡ 7 ਅਤੇ ਪੁਰਾਣੇ ਯੋਗ ਵਿਦਿਆਰਥੀਆਂ ਨੂੰ ਸਕੂਲ ਅਤੇ ਕਮਿਊਨਿਟੀ ਕਲੀਨਿਕਾਂ ਵਿੱਚ ਰੁਟੀਨ ਸਕੂਲ ਇਮਿਊਨਾਈਜ਼ੇਸ਼ਨ ਲਗਾ ਰਹੀ ਹੈ। ਵੈਕਸੀਨਾਂ ਇਹਨਾਂ ਲਈ ਪੇਸ਼ ਕੀਤੀਆਂ ਜਾਂਦੀਆਂ ਹਨ **ਮੇਨਿੰਗੋਕੋਕਲ-C-ACYW-135, ਹੈਪੇਟਾਈਟਿਸ ਬੀ (Hep B),** ਅਤੇ **ਹਿਊਮੈਨ ਪੈਪੀਲੋਮਾਵਾਇਰਸ (HPV-9)**।

ਮੇਨਿੰਗੋਕੋਕਲ-C-ACYW-135 ਵੈਕਸੀਨ, ਓਨਟੈਰੀਓ ਵਿੱਚ ਸਕੂਲ ਜਾਣ ਲਈ ਜ਼ਰੂਰੀ ਹੈ। Hep B ਅਤੇ HPV-9 ਵੈਕਸੀਨੇਸ਼ਨ ਸਕੂਲ ਹਾਜ਼ਰੀ ਲਈ ਵਿਕਲਪਿਕ ਹਨ, ਪਰੰਤੂ ਇਹਨਾਂ ਦੀ ਪੁਰਜ਼ੋਰ ਸਲਾਹ ਦਿੱਤੀ ਜਾਂਦੀ ਹੈ।

ਇਹ ਵੈਕਸੀਨਾਂ, ਵਿਦਿਆਰਥੀਆਂ ਲਈ ਬਿਲਕੁੱਲ ਮੁਫਤ ਹਨ। ਕੁਝ ਵੈਕਸੀਨਾਂ ਲਈ ਪਬਲਿਕ ਤੌਰ ਤੇ ਸੀਮਿਤ ਸਮੇਂ ਲਈ ਫੰਡ ਦਿੱਤਾ ਗਿਆ ਹੈ ਅਤੇ ਵਿਦਿਆਰਥੀ ਸਿਰਫ ਨਿਸ਼ਚਿਤ ਉਮਰ ਤੱਕ ਹੀ ਯੋਗ ਹੋ ਸਕਦੇ ਹਨ। ਵਿਦਿਆਰਥੀਆਂ ਨੂੰ ਤਦ ਵੀ ਇਮਿਊਨਾਈਜ਼ੇਸ਼ਨ ਦਿੱਤਾ ਜਾ ਸਕਦਾ ਹੈ, ਜੇਕਰ ਉਹਨਾਂ ਕੋਲ ਓਨਟੈਰੀਓ ਸਿਹਤ ਕਾਰਡ (Ontario Health Card) ਨਹੀਂ ਹੈ। ਦਸਤਖ਼ਤ ਕੀਤੇ ਸਹਿਮਤੀ ਪੱਤਰ, ਸਮੁੱਚੀ ਵੈਕਸੀਨੇਸ਼ਨ ਸੀਰੀਜ ਲਈ ਵੈਧ ਹਨ। ਸਹਿਮਤੀ ਕਿਸੇ ਵੀ ਸਮੇਂ ਵਾਪਸ ਲਈ ਜਾ ਸਕਦੀ ਹੈ।

ਮੇਨਿੰਗੋਕੋਕਲ ਬੀਮਾਰੀ ਇੱਕ ਸੰਕ੍ਰਮਣ ਹੈ, ਜੋ ਆਮ ਤੌਰ ਤੇ ਬੈਕਟੀਰੀਆ ਦੇ ਪੰਜ ਵੱਖਰੇ ਸਮੂਹਾਂ ਦੇ ਕਾਰਨ ਹੁੰਦਾ ਹੈ, ਜੋ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਆਲੇ-ਦੁਆਲੇ ਦੇ ਖੂਨ ਜਾਂ ਦ੍ਰਵ ਨੂੰ ਸੰਕ੍ਰਮਿਤ ਕਰ ਦਿੰਦੇ ਹਨ। ਇਹ ਵਿਰਲੇ ਹੀ ਹੋਣ ਵਾਲੀ ਬੀਮਾਰੀ ਹੈ, ਪਰੰਤੂ ਇਸਦੇ ਲੱਛਣ ਬਹੁਤ ਜਲਦੀ ਜੀਵਨ ਲਈ ਖਤਰਾ ਬਣ ਸਕਦੇ ਹਨ। ਬੀਮਾਰੀ ਤੋਂ ਪੈਦਾ ਹੋਣ ਵਾਲੀਆਂ ਗੁੰਝਲਾਂ ਦਿਮਾਗ ਦੇ ਵਿਗਾੜ, ਹਮੇਸ਼ਾ ਲਈ ਸੁਣਨਾ ਬੰਦ ਹੋਣਾ, ਦੌਰੇ, ਅੰਗ ਕਟ ਜਾਣਾ ਜਾਂ ਮੌਤ ਦਾ ਕਾਰਨ ਬਣ ਸਕਦੀਆਂ ਹਨ।



ਇਹ ਫੈਲਦਾ ਹੈ, ਕਿਸੇ ਸੰਕ੍ਰਮਿਤ ਵਿਅਕਤੀ ਦੇ ਥੁੱਕ ਜਾਂ ਬਲਗਮ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ, ਜੋ ਚੁੰਬਣ ਲੈਣ, ਪੀਣ ਵਾਲੀਆਂ ਚੀਜ਼ਾਂ, ਭਾਂਡੇ ਜਾਂ ਟੂੱਥਬੁਰਸ਼ ਸਾਂਝੇ ਕਰਨ ਨਾਲ ਹੋ ਸਕਦਾ ਹੈ।

ਮੇਨਿੰਗੋਕੋਕਲ-C-ACYW-135 ਵੈਕਸੀਨ (Nimenrix®, Menactra®, Menveo™), ਬੈਕਟੀਰੀਆ ਦੇ ਚਾਰ ਗਰੁੱਪਾਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ, ਜੋ ਸੰਕ੍ਰਮਣ ਪੈਦਾ ਕਰਦੇ ਹਨ। ਵੈਕਸੀਨ ਸੁਰੱਖਿਅਤ ਹੈ ਅਤੇ 80 ਤੋਂ 85% ਪ੍ਰਭਾਵੀ ਹੈ।

ਵੈਕਸੀਨ ਦੀ ਸਿੰਗਲ ਡੋਜ, ਓਨਟੈਰੀਓ ਵਿੱਚ ਸਕੂਲ ਹਾਜ਼ਰੀ ਲਈ ਜ਼ਰੂਰੀ ਹੈ, ਜਦੋਂ ਤੱਕ ਕਿ ਵਿਦਿਆਰਥੀ ਨੂੰ ਕੋਈ ਵੈਧ ਛੋਟ ਨਾ ਮਿਲੀ ਹੋਵੇ। ਇਸ ਵੈਕਸੀਨ ਦੀ ਸਲਾਹ ਸਾਰੇ ਕਿਸ਼ੋਰਾਂ ਲਈ ਦਿੱਤੀ ਜਾਂਦੀ ਹੈ, ਭਾਵੇਂ ਉਹਨਾਂ ਨੇ ਪਹਿਲਾਂ ਬਚਪਨ ਵਿੱਚ ਵੈਕਸੀਨ ਲਗਵਾਈ ਹੋਵੇ।

ਹੈਪੇਟਾਈਟਿਸ ਬੀ, ਇੱਕ ਬਹੁਤ ਹੀ ਛੂਤਕਾਰੀ ਵਾਇਰਸ ਹੈ, ਜੋ ਲਿਵਰ ਤੇ ਹਮਲਾ ਕਰਦਾ ਹੈ ਅਤੇ ਲਿਵਰ ਦੀ ਬੀਮਾਰੀ ਅਤੇ ਲਿਵਰ ਕੈਂਸਰ ਪੈਦਾ ਕਰਦਾ ਹੈ। ਇਸਦਾ ਕੋਈ ਇਲਾਜ ਨਹੀਂ ਹੈ। ਜ਼ਿਆਦਾਤਰ ਲੋਕ ਬਿਹਤਰ ਹੋ ਜਾਂਦੇ ਹਨ, ਪਰੰਤੂ ਕਈ ਸੰਕ੍ਰਮਿਤ ਹੀ ਰਹਿੰਦੇ ਹਨ ਅਤੇ ਪੂਰੀ ਜ਼ਿੰਦਗੀ ਉਹਨਾਂ ਦੇ ਸਰੀਰ ਵਿੱਚ ਵਾਇਰਸ ਬਣਿਆ ਰਹਿੰਦਾ ਹੈ।

ਇਹ ਫੈਲਦਾ ਹੈ ਕਿਸੇ ਸੰਕ੍ਰਮਿਤ ਵਿਅਕਤੀ ਦੇ ਖੂਨ ਜਾਂ ਸਰੀਰ ਦੇ ਦ੍ਰਵਾਂ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ, ਭਾਵੇਂ ਉਹ ਬੀਮਾਰ ਦਿਖਾਈ ਨਾ ਦਿੰਦੇ ਜਾਂ ਮਹਿਸੂਸ ਨਾ ਕਰਦੇ ਹੋਣ। ਇਹ ਉਸਤਰੇ (ਰੇਜ਼ਰ), ਸੂਈਆਂ ਜਾਂ ਟੂੱਥਬੁਰਸ਼ਾਂ; ਅਸੁਰੱਖਿਅਤ ਸੈਕਸ; ਅਤੇ ਗਲਤ ਢੰਗ ਨਾਲ ਸਾਫ ਕੀਤੇ ਟੈਟੂ ਜਾਂ ਸਪਾ ਉਪਕਰਨ ਸਾਂਝੇ ਕਰਨ ਨਾਲ ਫੈਲ ਸਕਦਾ ਹੈ।

ਹੈਪੇਟਾਈਟਿਸ ਬੀ ਵੈਕਸੀਨ (Recombivax HB® ਜਾਂ Engerix®-B) ਸੁਰੱਖਿਅਤ ਹੈ ਅਤੇ 95% ਤੋਂ ਵੱਧ ਪ੍ਰਭਾਵੀ ਹੈ, ਜਦੋਂ ਸਾਰੀਆਂ ਡੋਜ ਦਿੱਤੀਆਂ ਜਾਂਦੀਆਂ ਹਨ।

11 ਤੋਂ 15 ਸਾਲ ਦੀ ਉਮਰ ਵਾਲੇ ਵਿਦਿਆਰਥੀਆਂ ਨੂੰ 2 ਡੋਜ ਦੀ ਲੋੜ ਹੁੰਦੀ ਹੈ, ਜੇ 4 ਤੋਂ 6 ਮਹੀਨਿਆਂ ਦੇ ਅੰਤਰ ਵਿੱਚ ਦਿੱਤੀਆਂ ਜਾਂਦੀਆਂ ਹਨ। ਕਮਜ਼ੋਰ ਇਮਿਊਨ ਸਿਸਟਮ ਵਾਲੇ ਜਾਂ 16 ਸਾਲ ਅਤੇ ਇਸਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਤੀਜੀ ਡੋਜ ਦੀ ਲੋੜ ਹੋਵੇਗੀ।

ਹਿਊਮਨ ਪੈਪੀਲੋਮਾਵਾਇਰਸ (HPV) ਬਹੁਤ ਹੀ ਆਮ ਵਾਇਰਸ ਹੈ, ਜੋ ਮੂੰਹ, ਸਿਰ ਅਤੇ ਗਰਦਨ, ਸਰਵਿਕਸ ਅਤੇ ਜਣਨ ਅੰਗਾਂ ਦਾ ਕੈਂਸਰ ਪੈਦਾ ਕਰ ਸਕਦਾ ਹੈ। ਕਈ ਲੋਕਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਸੰਕ੍ਰਮਿਤ ਹਨ ਅਤੇ ਕਦੇ ਵੀ ਲੱਛਣ ਵਿਕਸਿਤ ਨਹੀਂ ਹੁੰਦੇ, ਇਸਲਈ ਉਹ ਬਿਨਾਂ ਜਾਣੇ ਹੀ ਇਹ ਦੂਜਿਆਂ ਨੂੰ ਪਾਸ ਕਰ ਸਕਦੇ ਹਨ। ਇਸਦਾ ਕੋਈ ਇਲਾਜ ਨਹੀਂ ਹੈ ਅਤੇ ਬਿਨਾਂ ਇਮਿਊਨਾਈਜ਼ੇਸ਼ਨ ਦੇ, ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਸਰਗਰਮ ਤੌਰ ਤੇ ਸੈਕਸ ਕਰਨ ਵਾਲੇ 4 ਵਿੱਚ 3 ਕੈਨੇਡਾਵਾਸੀਆਂ ਨੂੰ ਉਹਨਾਂ ਦੀ ਜ਼ਿੰਦਗੀ ਵਿੱਚ HPV ਹੋਵੇਗਾ।

ਇਹ ਫੈਲਦਾ ਹੈ, ਜਣਨ ਅੰਗ ਵਾਲੇ ਹਿੱਸੇ ਵਿੱਚ ਤਵੱਚਾ-ਤੋਂ-ਤਵੱਚਾ ਦੇ ਸੰਪਰਕ ਨਾਲ ਜਾਂ ਸੈਕਸ ਦੇ ਦੌਰਾਨ। HPV ਸੰਕ੍ਰਮਣ ਨੂੰ ਰੋਕਣ ਦਾ ਵਧੀਆ ਤਰੀਕਾ, ਪਹਿਲੀ ਵਾਰ ਸੈਕਸ ਕਰਨ ਤੋਂ ਪਹਿਲਾਂ ਵੈਕਸੀਨ ਲਗਵਾਉਣਾ ਹੈ।

HPV-9 ਵੈਕਸੀਨ (Gardasil®-9) ਸੁਰੱਖਿਅਤ ਹੈ ਅਤੇ 95% ਤੋਂ ਵੱਧ ਪ੍ਰਭਾਵੀ ਹੈ, ਜਦੋਂ ਸਾਰੀਆਂ ਡੋਜ ਦਿੱਤੀਆਂ ਜਾਂਦੀਆਂ ਹਨ। ਇਹ ਵਾਇਰਸ ਦੇ ਉਹਨਾਂ ਸੱਤ ਪ੍ਰਕਾਰਾਂ, ਜੋ ਕੈਂਸਰ ਪੈਦਾ ਕਰ ਸਕਦੇ ਹਨ ਅਤੇ ਦੇ ਪ੍ਰਕਾਰਾਂ, ਜੋ ਜਣਨ ਅੰਗਾਂ ਤੇ ਮੱਸੇ ਪੈਦਾ ਕਰਦੇ ਹਨ, ਦੇ ਵਿਰੁੱਧ ਸੰਕ੍ਰਮਣ ਨੂੰ ਰੋਕਦੀ ਹੈ।


15 ਸਾਲ ਤੋਂ ਘੱਟ ਉਮਰ ਵਾਲੇ ਵਿਦਿਆਰਥੀਆਂ ਨੂੰ 2 ਡੋਜ ਦੀ ਲੋੜ ਹੁੰਦੀ ਹੈ, ਜੋ 6 ਮਹੀਨਿਆਂ ਦੇ ਅੰਤਰ ਵਿੱਚ ਦਿੱਤੀਆਂ ਜਾਂਦੀਆਂ ਹਨ। ਕਮਜ਼ੋਰ ਇਮਿਊਨ ਸਿਸਟਮ ਵਾਲੇ ਜਾਂ 15 ਸਾਲ ਅਤੇ ਇਸਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਤੀਜੀ ਡੋਜ ਦੀ ਲੋੜ ਹੋਵੇਗੀ।

ਮੈਨੂੰ ਵੈਕਸੀਨ(ਨਾਂ) ਲੱਗਣ ਵਾਲੇ ਦਿਨ ਕੀ ਆਸ ਰੱਖੀ ਜਾਵੇ?

ਵਿਦਿਆਰਥੀ ਨੂੰ ਮੈਡੀਕਲ ਇਤਿਹਾਸ ਬਾਰੇ ਇਹ ਸਵਾਲ ਪੁੱਛੇ ਜਾਣਗੇ:

- ਕੀ ਵਿਦਿਆਰਥੀ ਨੂੰ ਕੋਈ ਗੰਭੀਰ ਮੈਡੀਕਲ ਬੀਮਾਰੀਆਂ ਹਨ?
- ਕੀ ਵਿਦਿਆਰਥੀ ਨੂੰ ਕੋਈ ਅਜਿਹੀ ਮੈਡੀਕਲ ਬੀਮਾਰੀ ਹੈ, ਜੋ ਉਹਨਾਂ ਦਾ ਇਮਿਊਨ ਸਿਸਟਮ ਕਮਜ਼ੋਰ ਕਰਦੀ ਹੈ ਅਤੇ/ਜਾਂ ਇਮਿਊਨੇਸਪ੍ਰੈਸੈਂਟ ਦਵਾਈਆਂ ਲੈਂਦਾ ਹੈ?
- ਕੀ ਵਿਦਿਆਰਥੀ ਨੂੰ ਕੋਈ ਗਿਆਤ ਐਲਰਜੀਆਂ ਹਨ?
- ਕੀ ਵਿਦਿਆਰਥੀ ਨੂੰ ਕਦੇ ਵੈਕਸੀਨਾਂ ਤੋਂ ਗੰਭੀਰ ਰਿਐਕਸ਼ਨ ਹੋਏ ਹਨ? (ਜਿਵੇਂ, ਐਨਾਫਲੈਕਸਿਸ, ਯੱਫੜ)
- ਕੀ ਵਿਦਿਆਰਥੀ ਕਦੇ ਵੈਕਸੀਨੇਸ਼ਨਾਂ ਨਾਲ ਬੇਹੋਸ਼ ਹੋਇਆ ਹੈ?

ਜ਼ਿਆਦਾਤਰ ਲੋਕਾਂ ਨੂੰ ਇਮਿਊਨਾਈਜ਼ੇਸ਼ਨ ਵੈਕਸੀਨ ਲਗਵਾਉਣ ਤੋਂ ਬਾਅਦ ਕੋਈ ਸਮੱਸਿਆਵਾਂ ਨਹੀਂ ਹੁੰਦੀਆਂ। ਕੁਝ ਕੁ ਨੂੰ ਸੂਈ ਚੁਭੋਣ ਵਾਲੀ ਥਾਂ ਤੇ ਬਾਂਹ ਵਿੱਚ ਦਰਦ ਜਾਂ ਲਾਲੀ, ਸੋਜਸ਼ ਜਾਂ ਖੁਜਲੀ ਹੋ ਸਕਦੀ ਹੈ। ਕਦੇ-ਕਦਾਈਂ, ਥਕਾਵਟ, ਸਿਰ ਦਰਦ, ਚੱਕਰ ਆਉਣਾ, ਬੇਹੋਸ਼ੀ, ਜੀ ਕੱਚਾ ਹੋਣਾ ਅਤੇ ਹਲਕਾ ਬੁਖਾਰ ਵੀ ਹੋ ਸਕਦਾ ਹੈ।





ਆਪਣੇ ਡਾਕਟਰ ਨੂੰ ਕਦੋਂ ਫੋਨ ਕਰੋ

- ਵੈਕਸੀਨੇਸ਼ਨ ਤੋਂ ਬਾਅਦ ਐਲਰਜੀ ਸਬੰਧੀ ਅਤੇ ਤੀਬਰ ਰਿਐਕਸ਼ਨ ਬਹੁਤ ਵਿਰਲੇ ਹੀ ਹੁੰਦੇ ਹਨ ਅਤੇ ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ, ਸਾਹ ਲੈਣ ਵਿੱਚ ਮੁਸ਼ਕਲ, ਚਿਹਰੇ ਜਾਂ ਮੂੰਹ ਦੀ ਸੋਜਸ਼, ਯੱਫੜ, ਦੌਰੇ, ਜਾਂ 40 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਬੁਖਾਰ।
- ਜੇਕਰ ਤੁਹਾਨੂੰ ਮੈਡੀਕਲ ਐਮਰਜੈਂਸੀ ਹੈ ਤਾਂ 911 ਤੇ ਫੋਨ ਕਰੋ।
- ਆਪਣੇ ਡਾਕਟਰ ਅਤੇ ਪੀਲ ਜਨਤਕ ਸਿਹਤ ਨੂੰ 905-799-7700, ਕੈਲਡਨ 905-584-2216 ਤੇ ਉਹਨਾਂ ਰਿਐਕਸ਼ਨਾਂ ਦੀ ਰਿਪੋਰਟ ਕਰੋ, ਜੋ ਵੈਕਸੀਨ ਨਾਲ ਸਬੰਧਿਤ ਹੋ ਸਕਦੇ ਹਨ।

ਵਧੇਰੇ ਜਾਣਕਾਰੀ ਲਈ, ਇਮਿਊਨਾਈਜ਼ੇਸ਼ਨ ਰਿਕਾਰਡਾਂ ਤੱਕ ਔਨਲਾਈਨ ਪਹੁੰਚ ਲਈ ਜਾਂ ਅੱਪਡੇਟ ਲਈ, ਜਾਂ ਸਹਿਮਤੀ ਪੱਤਰ ਨੂੰ ਦੁਬਾਰਾ ਪ੍ਰਿੰਟ ਕਰਨ ਲਈ, **peelregion.ca/immunize** ਤੇ ਜਾਓ। ਜਾਂ ਪੀਲ ਜਨਤਕ ਸਿਹਤ ਨੂੰ **905-799-7700** ਤੇ, ਕੈਲਡਨ 905-584-2216 ਤੇ ਫੋਨ ਕਰੋ।

CDS-1369-01 25/02